**SET-3**

**Series SGN**

ਕੋਡ ਨੰ. **222/3**

ਰੋਲ ਨੰਬਰ

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **10** ਪੰਨੇ **+ 1** ਮਾਨਚਿੱਤਰ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **17** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।
- Please check that this question paper contains **10** printed pages **+ 1** Map.
- Code number given on the right hand side of the question paper should be written on the title page of the answer-book by the candidate.
- Please check that this question paper contains **17** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਇਤਿਹਾਸ

## (ਪੰਜਾਬੀ ਉਲਥਾ)

# HISTORY

## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

***ਵਿਆਪਕ ਨਿਰਦੇਸ਼ :***

*(i)* ***ਸਾਰੇ*** *ਪ੍ਰਸ਼ਨਾਂ ਦੇ ਉੱਤਰ ਦਿਉ । ਕੁਝ ਪ੍ਰਸ਼ਨਾਂ ਲਈ ਅੰਦਰੂਨੀ ਵਿਕਲਪ ਦਿੱਤੇ ਗਏ ਹਨ । ਹਰ ਇਕ ਪ੍ਰਸ਼ਨ ਦੇ ਅੰਕ ਉਸਦੇ ਸਾਮ੍ਹਣੇ ਅੰਕਿਤ ਹਨ ।*

*(ii)* *ਪ੍ਰਸ਼ਨ ਸੰਖਿਆ* ***1*** *ਤੋਂ* ***3 ਦੋ*** *ਅੰਕ ਵਾਲੇ ਹਨ, ਹਰ ਇਕ ਪ੍ਰਸ਼ਨ ਦਾ ਉੱਤਰ* ***30*** *ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ਹੈ ।*

*(iii)* *ਪ੍ਰਸ਼ਨ ਸੰਖਿਆ* ***4*** *ਤੋਂ* ***9 ਚਾਰ*** *ਅੰਕ ਵਾਲੇ ਹਨ । ਹਰ ਇਕ ਪ੍ਰਸ਼ਨ ਦਾ ਉੱਤਰ* ***100*** *ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ਹੈ । ਵਿਦਿਆਰਥੀ ਨੂੰ ਇਸ ਖੰਡ ਤੋਂ ਕੇਵਲ* ***ਪੰਜ*** *ਪ੍ਰਸ਼ਨ ਹਲ ਕਰਨੇ ਚਾਹੀਦੇ ਹਨ ।*

*(iv)* *ਪ੍ਰਸ਼ਨ ਸੰਖਿਆ* ***10*** *ਮੁੱਲ ਅਧਾਰਤ ਪ੍ਰਸ਼ਨ ਹੈ ਅਤੇ* ***ਜ਼ਰੂਰੀ*** *ਹੈ, ਇਹ ਪ੍ਰਸ਼ਨ ਵੀ* ***ਚਾਰ*** *ਅੰਕ ਦਾ ਹੈ ।*

*(v)* *ਪ੍ਰਸ਼ਨ ਸੰਖਿਆ* ***11*** *ਤੋਂ* ***13 ਅੱਠ*** *ਅੰਕ ਵਾਲੇ ਹਨ । ਇਨ੍ਹਾਂ ਹਰ ਇਕ ਪ੍ਰਸ਼ਨ ਦਾ ਉੱਤਰ* ***350*** *ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ਹੈ ।*

*(vi)* *ਪ੍ਰਸ਼ਨ ਸੰਖਿਆ* ***14*** *ਤੋਂ* ***16*** *ਸਰੋਤਾਂ ਤੇ ਆਧਾਰਿਤ ਹਨ । ਇਨ੍ਹਾਂ ਵਿਚ ਕੋਈ ਅੰਦਰੂਨੀ ਵਿਕਲਪ ਨਹੀਂ ਹੈ ।*

*(vii)* *ਪ੍ਰਸ਼ਨ ਸੰਖਿਆ* ***17*** *ਮਾਨ ਚਿੱਤਰ ਸੰਬੰਧੀ ਹੈ, ਜਿਨ੍ਹਾਂ ਵਿਚ ਲਛਣਾਂ ਨੂੰ ਪਹਿਚਾਣੋ ਅਤੇ ਮਹਤਵਪੂਰਣ ਮਦਾਂ ਨੂੰ ਦਰਸਾਣਾ ਸ਼ਾਮਿਲ ਹੈ । ਮਾਨ ਚਿੱਤਰ ਨੂੰ ਉੱਤਰ ਪੁਸਤਕ ਦੇ ਅੰਦਰ ਨੱਥੀ ਕਰੋ ।*

## ਖੰਡ A

*ਹੇਠ ਦਿੱਤੇ ਗਏ* ***ਸਾਰੇ*** *ਪ੍ਰਸ਼ਨਾਂ ਦੇ ਉੱਤਰ ਲਿੱਖੋ :* *2×3=6*

**1.** ਭਾਰਤ ਵਿਚ ਮੂਗਲ ਸ਼ਾਸਨ ਦੇ ਦੌਰਾਨ ਪੇਂਡੂ ਪੰਚਾਇਤਾਂ ਦੇ ਲਗਾਨ (revenue) ਦੇ ਸਰੋਤਾਂ ਦੀ ਵਿਆਖਿਆ ਕਰੋ । *2*

**2.** 1859 ਵਿਚ ਅੰਗ੍ਰੇਜ਼ਾਂ ਰਾਹੀਂ ਪਾਸ ਕੀਤੇ ਗਏ 'ਪਰਿਸੀਮਨ ਕਨੂੰਨ' ਦੇ ਪਰਭਾਵ ਦੀ ਜਾਂਚ ਕਰੋ । *2*

**3.** ਪੁਰਾਤੱਤਵ ਵਿਗਿਆਨੀਆਂ ਨੇ ਹੜੱਪਾ ਕਾਲ ਦੀ ਸਭਿਅਤਾ ਵਿਚ ਸ਼ਿਲਪ ਉਤਪਾਦਨ ਕੇਂਦਰ ਦੀ ਪਛਾਣ ਦੇ ਆਧਾਰ ਦਾ ਵਰਣਨ ਕਰੋ । *2*

## ਖੰਡ B

### ਭਾਗ I

*ਹੇਠ ਲਿਖਿਆਂ ਵਿਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿੱਖੋ :* *4×5=20*

**4.** "ਖਿਲਾਫਤ ਦੇ ਧਾਰਮਕ ਅਤੇ ਰਾਜਨੀਤਕ ਸੰਸਥਾ ਦੇ ਰੂਪ ਵਿਚ ਵਧਦੇ ਹੋਏ ਭੋਤਕਵਾਦ (ਪਦਾਰਥਵਾਦ) ਦੇ ਫਲਸਵਰੂਪ ਸੂਫੀਵਾਦ ਦਾ ਵਿਕਾਸ ਹੋਇਆ ।" ਸਪਸ਼ਟ ਕਰੋ । *4*

**5.** "ਇੱਬਨ ਬਤੂਤਾ ਨੇ ਭਾਰਤੀ ਉਪ ਮਹਾਂਦੀਪ ਦੇ ਸ਼ੈਹਰਾਂ ਨੂੰ ਲੋਕਾਂ ਦੇ ਲਈ ਬੜ ਉਕਸਾਊ ਅਵਸਰਾਂ ਨਾਲ ਭਰਪੂਰ ਦੇਖਿਆ ।" ਇਸ ਕਥਨ ਦੀ ਦਿੱਲੀ ਸ਼ਹਿਰ ਦੇ ਸੰਦਰਭ ਵਿਚ ਵਿਆਖਿਆ ਕਰੋ । *4*

**6.** ਭਾਰਤ ਵਿਚ ਬਸਤੀਵਾਦ ਸਮੇਂ ਵਿਚ ਕੁਝਕੁ ਪਹਾੜੀ ਥਾਵਾਂ (ਹਿਲ ਸਟੇਸ਼ਨ) ਕਿਉਂ ਵਿਕਸਿਤ ਕੀਤੇ ਗਏ ? ਸਪਸ਼ਟ ਕਰੋ । *4*

**7.** 1857 ਦੇ ਜਨ ਵਿਦਰੋਹ ਵਿਚ ਅਵਧ ਦੇ ਤਾਲੁਕੇਦਾਰਾਂ ਦੀ ਸਹਿਭਾਗਤਾ ਦੀ ਜਾਂਚ ਕਰੋ । *4*

8. 600 ਈ.ਪੂ. (BCE) ਤੋਂ 600 ਈ. (CE) ਦੇ ਦੌਰਾਨ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਦੀ ਮਾਲੀ (ਆਰਥਕ) ਅਤੇ ਸਮਾਜਕ ਹਾਲਤਾ ਦਾ ਵਰਣਨ ਕਰੋ । *2+2=4*

9. ''ਹੜੱਪਾਈ ਸਮਾਜ ਵਿਚ ਮੁਸ਼ਕਿਲ ਫੈਸਲੇ ਲੈਣ ਅਤੇ ਉਨ੍ਹਾਂ ਉਪਰ ਅਮਲ ਹੋਣ ਦੇ ਸੰਕੇਤ ਮਿਲਦੇ ਹਨ ।'' ਇਸ ਕਥਨ ਦੇ ਸੰਦਰਭ ਵਿਚ ਸਪਸ਼ਟ ਕਰੋ ਕਿ ਕੀ ਹੜੱਪਾਈ ਸਮਾਜ ਵਿਚ ਸ਼ਾਸਕਾਂ ਦਾ ਸ਼ਾਸਨ ਰਿਹਾ ਹੋਵੇਗਾ । *4*

## ਭਾਗ II

## ਮੁੱਲ ਆਧਾਰਿਤ ਪ੍ਰਸ਼ਨ (ਜ਼ਰੂਰੀ) *4×1=4*

10. ''1922 ਤਕ ਗਾਂਧੀ ਜੀ ਨੇ ਭਾਰਤੀ ਰਾਸ਼ਟਰਵਾਦ ਨੂੰ ਇਕਦਮ ਬਦਲ ਦਿਤਾ ਅਤੇ ਇਸ ਤਰਾਂ ਫਰਵਰੀ 1916 ਵਿਚ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਆਪਣੀ ਤਕਰੀਰ ਵਿਚ ਕੀਤੇ ਗਏ ਇਕਰਾਰ ਨੂੰ ਉਨ੍ਹਾਂ ਨੇ ਪੂਰਾ ਕੀਤਾ । ਉਹ ਇਹ ਸਿਰਫ ਵਪਾਰੀਆਂ ਅਤੇ ਬੁੱਧੀਜੀਵੀਆਂ ਦਾ ਹੀ ਅੰਦੋਲਨ ਨਹੀਂ ਰਹਿ ਗਿਆ ਸੀ, ਹੁਣ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨਾਂ, ਮਜ਼ਦੂਰਾਂ ਅਤੇ ਕਾਰੀਗਰਾਂ ਨੇ ਵੀ ਇਸ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ । ਇਨ੍ਹਾਂ ਵਿਚੋਂ ਕਈ ਆਪਣਾ ਗਾਂਧੀ ਜੀ ਦੇ ਲਈ ਆਦਰ ਦਰਸਾਣ ਦੇ ਲਈ ਉਨ੍ਹਾਂ ਨੂੰ ਆਪਣਾ 'ਮਹਾਤਮਾ' ਵੀ ਕਹਿਣ ਲਗ ਗਏ । ਉਨ੍ਹਾਂ ਨੇ ਇਸ ਗਲ ਦੀ ਤਾਰੀਫ ਕੀਤੀ ਕਿ ਗਾਂਧੀ ਜੀ ਉਨ੍ਹਾਂ ਵਰਗੇ ਕਪੜੇ ਪਹਿਨਦੇ ਸਨ, ਉਨ੍ਹਾਂ ਦੀ ਤਰ੍ਹਾਂ ਹੀ ਰਹਿੰਦੇ ਸਨ ਅਤੇ ਉਨ੍ਹਾਂ ਦੀ ਹੀ ਬੋਲੀ ਬੋਲਦੇ ਸਨ । ਹੋਰ ਨੇਤਾਵਾਂ ਦੀ ਤਰ੍ਹਾਂ ਉਹ ਸਾਧਾਰਣ ਜਨਤਾਂ ਤੋਂ ਵਖ ਨਹੀਂ ਖੜੇ ਹੁੰਦੇ ਸਨ ਬਲਕਿ ਉਨ੍ਹਾਂ ਨਾਲ ਹਮਦਰਦੀ ਰਖਦੇ ਅਤੇ ਉਨ੍ਹਾਂ ਦੇ ਨਾਲ ਡੂੰਘੇ ਸੰਬੰਧ ਵੀ ਬਣਾ ਲੈਂਦੇ ਸਨ ।''

ਉਪਰ ਦਿੱਤੇ ਗਏ ਪੈਰੇ ਦੀ ਰੌਸ਼ਨੀ ਵਿਚ ਗਾਂਧੀ ਜੀ ਰਾਹੀਂ ਦਰਸਾਏ ਗਏ ਕਿਸੇ ਚਾਰ ਮੁਲਾਂ ਨੂੰ ਉਜਾਗਰ ਕਰੋ । *4*

## ਖੰਡ C

### ਲੰਬੇ ਉੱਤਰ ਵਾਲੇ ਪ੍ਰਸ਼ਨ *8×3=24*

**11.** ‘‘ਵੀਹਵੀਂ ਸਦੀ ਦੇ ਸ਼ੁਰੂਆਤੀ ਦਹਾਕਿਆ ਵਿਚ ਸ਼ੁਰੂ ਹੋਈ ਸੰਪ੍ਰਦਾਇਕ ਰਾਜਨੀਤੀ ਦੇਸ਼ ਦੀ ਵੰਡ ਦੇ ਲਈ ਮੁੱਖ ਤੌਰ ਤੇ ਜੁੰਮੇਵਾਰ ਸੀ ।’’ ਕਥਨ ਦੀ ਜਾਂਚ ਕਰੋ । *8*

**ਜਾਂ**

‘‘ਭਾਰਤ ਦੀ ਵੰਡ ਦੇ ਕਾਰਨ ਰਾਸ਼ਟਰਵਾਦੀ ਨੇਤਾ ਵਖਰੀ ਨਿਰਵਾਚਕਾ ਦੇ ਪ੍ਰਸਤਾਵ ਤੇ ਹੋਰ ਭੜਕਣ ਲਗ ਗਏ ਸਨ ।’’ ਕਥਨ ਦੀ ਜਾਂਚ ਕਰੋ । *8*

**12.** ਬੁੱਧ ਧਰਮ ਦਾ ਵਿਕਾਸ ਕਿਵੇਂ ਹੋਇਆ ਵਰਣਨ ਕਰੋ । ਬੁੱਧ ਦੀਆਂ ਮੁੱਖ ਸਿਖਿਆਵਾਂ ਦੀ ਵਿਆਖਿਆ ਕਰੋ । *4+4=8*

**ਜਾਂ**

ਸਤੂਪਾਂ ਕਿਵੇਂ ਬਣਾਏ ਗਏ ਵਰਣਨ ਕਰੋ । ਸਾਂਚੀ ਦੇ ਸਤੂਪ ਸੁਰਖਿਅਤ ਰਹੇ, ਪਰ ਅਮਰਾਵਤੀ ਦੇ ਸਤੂਪ ਸੁਰਖਿਅਤ ਨਹੀਂ ਰਹੇ, ਅਜੇਹਾਂ ਕਿਉਂ ਹੋਇਆ ? ਸਪਸ਼ਟ ਕਰੋ । *4+4=8*

**13.** ਭਾਰਤ ਵਿਚ ਮੁਗਲ ਸ਼ਾਸਕਾਂ ਰਾਹੀਂ ਵੱਖੋ ਵੱਖ ਜਾਤੀਆਂ ਅਤੇ ਧਰਮਾਂ ਦੇ ਕੁਲੀਨ ਵਰਗ ਦੇ ਲੋਕਾਂ ਦੀ ਭਰਤੀ ਕਿਉਂ ਕੀਤੀ ਜਾਂਦੀ ਸੀ ? ਵਿਆਖਿਆ ਕਰੋ । *8*

**ਜਾਂ**

ਮੁਗ਼ਲ ਸਾਮਰਾਜ਼ ਵਿਚ ਸ਼ਾਹੀ ਪਰਵਾਰ ਦੀਆਂ ਇਸਤ੍ਰੀਆਂ ਰਾਹੀਂ ਨਿਭਾਈ ਗਈ ਭੂਮਿਕਾ ਦੀ ਵਿਆਖਿਆ ਕਰੋ । *8*

## ਖੰਡ D

### ਸਰੋਤ ਅਧਾਰਤ ਪ੍ਰਸ਼ਨ *7×3=21*

**14.** ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

### ਕੱਾਲਿਨ ਮੈਕੇਂਜ਼ੀ

1754 ਵਿਚ ਜਨਮੇ ਕੱਾਲਿਨ ਮੈਕੇਂਜ਼ੀ ਨੇ ਇਕ ਇੰਜੀਨਿਯਰ, ਸਰਵੇਖਕ ਅਤੇ ਨਕਸ਼ਾ ਨਵੀਸ ਦੇ ਰੂਪ ਵਿਚ ਮਸ਼ਹੂਰੀ ਪ੍ਰਾਪਤ ਕੀਤੀ । 1815 ਵਿਚ ਉਸਨੂੰ ਭਾਰਤ ਦਾ ਪਹਿਲਾ ਸਰਵੇਯਰ ਜਨਰਲ ਬਣਾਇਆ ਗਿਆ ਅਤੇ 1821 ਵਿਚ ਆਪਣੀ ਮੌਤ ਤਕ ਉਹ ਇਸ ਅਹੁਦੇ ਤੇ ਬਣੇ ਰਹੇ । ਭਾਰਤ ਦੇ ਅਤੀਤ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਬਸਤੀ ਦੇ ਪ੍ਰਸ਼ਾਸਨ ਨੂੰ ਅਸਾਨ ਬਨਾਣ ਦੇ ਲਈ ਉਨ੍ਹਾਂ ਨੇ ਇਹਿਤਾਸ ਨਾਲ ਜੁੜੀਆ ਸਥਾਨਕ ਪਰੰਪਰਾਵਾਂ ਦਾ ਸੰਗ੍ਰਹਿ ਕੀਤਾ ਅਤੇ ਇਤਿਹਾਸਕ ਥਾਵਾਂ ਦਾ ਨਿਰੀਖਣ ਕਰਨਾ ਸ਼ੁਰੂ ਕੀਤਾ । ਉਹ ਕਹਿੰਦਾ ਹੈ ਕਿ "ਬ੍ਰਿਟਿਸ਼ ਪ੍ਰਸ਼ਾਸਨ ਦੇ ਚੰਗੇ ਪ੍ਰਭਾਵ ਹੇਠ ਆਣ ਤੋਂ ਪਹਿਲਾਂ ਦੱਖਣੀ ਭਾਰਤ ਖਰਾਬ ਪ੍ਰਬੰਧਨ ਨਾਲ ਲੰਬੇ ਸਮੇਂ ਤਕ ਜੂਝਦਾ ਰਿਹਾ ।" ਵਿਜੈ ਨਗਰ ਦੇ ਅਧਿਐਨ ਤੋਂ ਮੈਕੇਂਜ਼ੀ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਕੰਪਨੀ, "ਸਥਾਨਕ ਲੋਕਾਂ ਦੇ ਅਲਗ-ਅਲਗ ਕਬੀਲਿਆਂ, ਜਿਹੜੇ ਉਸ ਵਕਤ ਵੀ ਅਬਾਦੀ ਦਾ ਇਕ ਵੱਡਾ ਹਿੱਸਾ ਸਨ, ਨੂੰ ਹੁਣ ਵੀ ਪ੍ਰਭਾਵਤ ਕਰਨ ਵਾਲੇ ਇਨ੍ਹਾਂ ਵਿਚੋਂ ਕਈ ਸੰਸਥਾਨਾਂ, ਕਨੂੰਨਾ ਅਤੇ ਰੀਤੀ ਰਿਵਾਜਾਂ ਦੇ ਵਿਸ਼ੇ ਵਿਚ ਬਹੁਤ ਖਾਸ ਜਾਣਕਾਰੀਆਂ" ਪ੍ਰਾਪਤ ਕਰ ਸਕਦੀ ਸੀ ।

(14.1) ਕੱਾਲਿਨ ਮੈਕੇਂਜ਼ੀ ਕੌਣ ਸੀ ? *2*

(14.2) ਮੈਕੇਂਜ਼ੀ ਨੇ ਵਿਜੈ ਨਗਰ ਸਾਮਰਾਜ ਦੀ ਨਵੀਂ ਖੋਜ ਦਾ ਪਤਾ ਕਿਵੇਂ ਕੀਤਾ ? *2*

(14.3) ਈਸਟ ਇੰਡੀਆ ਕੰਪਨੀ ਦੇ ਲਈ ਵਿਜੈ ਨਗਰ ਸਾਮਰਾਜ ਦਾ ਅਧਿਐਨ ਕਿਵੇਂ ਉਪਯੋਗੀ ਸੀ ? *3*

**15.** ਹੇਠ ਦਿਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

**"ਕੱਲ ਅਸੀ ਨਮਕ ਦਾ ਕਨੂੰਨ ਤੋੜਾਂਗੇ"**

5 ਅਪ੍ਰੈਲ, 1930 ਨੂੰ ਮਹਾਤਮਾ ਗਾਂਧੀ ਨੇ ਦਾਂਡੀ ਵਿਚ ਕਿਹਾ ਸੀ :

ਹੁਣ ਮੈਂ ਆਪਣੇ ਸਾਥੀਆਂ ਦੇ ਨਾਲ ਦਾਂਡੀ ਦੇ ਉਸ ਸਮੁੰਦ੍ਰੀ ਕਿਨਾਰੇ ਵਾਲੇ ਟੋਲੇ ਦੇ ਵਲ ਚਲਿਆ ਸੀ ਤਾਂ ਮੈਨੂੰ ਯਕੀਨ ਨਹੀਂ ਸੀ ਕਿ ਸਾਨੂੰ ਇਥੇ ਤਕ ਆਣ ਦਿਤਾ ਜਾਏਗਾ । ਜਦੋਂ ਮੈਂ ਸਾਬਰਮਤੀ ਵਿਚ ਸੀ ਤਾਂ ਵੀ ਇਹ ਅਫਵਾਹ ਸੀ ਕਿ ਮੈਨੂੰ ਗਰਿਫਤਾਰ ਕੀਤਾ ਜਾ ਸਕਦਾ ਹੈ । ਤਾਂ ਮੈਂ ਸੋਚਿਆ ਸੀ ਕਿ ਸਰਕਾਰ ਮੇਰੇ ਸਾਥੀਆਂ ਨੂੰ ਤਾਂ ਦਾਂਡੀ ਤਕ ਆਣ ਦੇਵੇਗੀ ਪਰ ਮੈਨੂੰ ਬਿਲਕੁਲ ਹੀ ਇਹ ਛੋਟ ਨਹੀਂ ਮਿਲੇਗੀ । ਜੇਕਰ ਕੋਈ ਇਹ ਕਹਿੰਦਾ ਕਿ ਇਸਤੋਂ ਮੇਰੇ ਦਿਲ ਦੀ ਅਧੂਰੀ ਆਸਥਾ ਦਾ ਇਸ਼ਾਰਾ ਮਿਲਦਾ ਹੈ ਤਾਂ ਮੈਂ ਇਸ ਦੂਸ਼ਣ ਨੂੰ ਨਕਾਰਾਂਗਾ ਨਹੀਂ । ਮੈਂ ਇੱਥੇ ਤਕ ਪਹੁੰਚਿਆ ਹਾਂ, ਇਸ ਵਿਚ ਸ਼ਾਂਤੀ ਅਤੇ ਅਹਿੰਸਾ ਦਾ ਘਟ ਹਥ ਨਹੀਂ ਹੈ; ਇਸ ਸ਼ਕਤੀ ਨੂੰ ਸਭ ਮਹਿਸੂਸ ਕਰਦੇ ਹਨ । ਜੇਕਰ ਸਰਕਾਰ ਚਾਹੇ ਤਾਂ ਆਪਣੇ ਇਸ ਆਚਰਣ ਦੇ ਲਈ ਆਪਣੀ ਪਿੱਠ ਠੋਕ ਸਕਦੀ ਹੈ ਕਿਉਂਕਿ ਸਰਕਾਰ ਚਾਹੁੰਦੀ ਤਾਂ ਸਾਡੇ ਵਿਚੋਂ ਹਰ ਇਕ ਨੂੰ ਗਰਿਫਤਾਰ ਕਰ ਸਕਦੀ ਸੀ । ਜਦੋਂ ਸਰਕਾਰ ਉਹ ਕਹਿੰਦੀ ਹੈ ਉਸਦੇ ਕੋਲ ਸ਼ਾਂਤੀ ਦੀ ਸੈਨਾ ਨੂੰ ਗਰਿਫਤਾਰ ਕਰਨ ਦੀ ਹਿੰਮਤ ਨਹੀਂ ਸੀ ਤਾਂ ਅਸੀਂ ਉਸਦੀ ਤਰੀਫ ਕਰਦੇ ਹਾਂ ਕਿ ਸਰਕਾਰ ਨੂੰ ਅਜੇਹੀ ਸੈਨਾ ਦੀ ਗਰਿਫਤਾਰੀ ਵਿਚ ਸ਼ਰਮ ਮਹਿਸੂਸ ਹੁੰਦੀ ਹੈ । ਜੇਕਰ ਕੋਈ ਵਿਅਕਤੀ ਅਜੇਹਾ ਕੰਮ ਕਰਨ ਵਿਚ ਸ਼ਰਮਿੰਦਾ ਮਹਿਸੂਸ ਕਰਦਾ ਹੈ ਜਿਹੜਾ ਉਸਦੇ ਗਵਾਂਢੀਆਂ ਨੂੰ ਵੀ ਰਾਸ ਨਹੀਂ ਆ ਸਕਦਾ, ਤਾਂ ਉਹ ਇਕ ਨਿਮਰਤਾ ਵਾਲਾ ਵਿਅਕਤੀ ਹੈ । ਸਰਕਾਰ ਨੂੰ ਸਾਨੂੰ ਨਾ ਗਰਿਫਤਾਰ ਕਰਨ ਦੀ ਵਧਾਈ ਦਿਤੀ ਜਾਣੀ ਚਾਹੀਦੀ ਹੈ, ਭਾਵੇਂ ਉਨ੍ਹਾਂ ਨੇ ਦੁਨੀਆਂ ਦੇ ਬਾਕੀ ਲੋਕਾਂ ਦੇ ਮੱਤ ਦਾ ਧਿਆਨ ਕਰਕੇ ਹੀ ਇਹ ਫੈਸਲਾ ਕਿਉਂ ਨਹੀ ਲਿਆ ਹੋਵੇ ।

ਕਲ ਅਸੀਂ ਨਮਕ ਕਰ ਦਾ ਕਨੂੰਨ ਤੋੜਾਂਗੇ, ਸਰਕਾਰ ਇਸ ਗਲ ਨੂੰ ਬਰਦਾਸ਼ਤ ਕਰਦੀ ਹੈ ਕਿ ਨਹੀਂ, ਇਹ ਇਕ ਵਖਰਾ ਸਵਾਲ ਹੈ । ਹੋ ਸਕਦਾ ਹੈ ਸਰਕਾਰ ਸਾਨੂੰ ਅਜੇਹਾ ਨਾ ਕਰਨ ਦੇਵੇ । ਪਰ ਸਾਡੇ ਜਥੇ ਦੇ ਬਾਰੇ ਜੋ ਧੀਰਜ ਅਤੇ ਸਮਝਦਾਰੀ ਦਿਖਾਈ ਹੈ ਉਸਦੇ ਲਈ ਉਹ ਵਧਾਈ ਦੀ ਹਕਦਾਰ ਹੈ... ।

ਜੇਕਰ ਮੈਨੂੰ ਗੁਜਰਾਤ ਅਤੇ ਦੇਸ਼ ਭਰ ਦੇ ਸਾਰੇ ਮੁੱਖ ਨੇਤਾਵਾਂ ਨੂੰ ਗਰਿਫਤਾਰ ਕਰ ਲਿਆ ਜਾਂਦਾ ਹੈ ਤਾਂ ਕੀ ਹੋਵੇਗਾ ? ਇਹ ਅੰਦੋਲਨ ਇਸ ਵਿਸ਼ਵਾਸ ਉਪਰ ਅਧਾਰਤ ਹੈ ਕਿ ਜਦੋਂ ਇਕ ਪੂਰਾ ਦੇਸ਼ ਉਠ ਖੜੋਂਦਾ ਹੈ ਅਤੇ ਅਗੇ ਵੱਧਣ ਲਗਦਾ ਹੈ ਤਾਂ ਉਸਨੂੰ ਨੇਤਾ ਦੀ ਲੋੜ ਨਹੀ ਰਹਿ ਜਾਂਦੀ ।

(15.1) ਜਦੋਂ ਮਹਾਤਮਾ ਗਾਂਧੀ ਨੇ ਦਾਂਡੀ ਯਾਤ੍ਰਾ ਸ਼ੁਰੂ ਕੀਤੀ ਸੀ ਤਾਂ ਉਨ੍ਹਾਂ ਨੂੰ ਕਿਹੜੇ ਡਰ ਸਨ ? *2*

(15.2) ਗਾਂਧੀ ਜੀ ਨੇ ਅਜੇਹਾ ਕਿਉਂ ਕਿਹਾ ਕਿ ਇਸਦੇ ਲਈ ਸਰਕਾਰ ਵਧਾਈ ਦੀ ਹਕਦਾਰ ਹੈ ? *2*

(15.3) 'ਨਮਕ ਯਾਤ੍ਰਾ' ਬਹੁਤ ਮਹਤਵਪੂਰਣ ਕਿਉਂ ਸੀ ? *3*

**16.** ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

**'ਉੱਚਤ' ਸਮਾਜਕ ਫਰਜ਼**

ਮਹਾਂਭਾਰਤ ਦੇ *ਆਦਿਪਰਵਨ* ਤੋਂ ਇੱਥੇ ਇਕ ਕਹਾਣੀ ਦਿੱਤੀ ਗਈ ਹੈ :

ਇਕ ਵਾਰੀ ਬ੍ਰਾਹਮਣ ਦ੍ਰੋਣ ਦੇ ਕੋਲ, ਜੋ ਕਿ ਕੁਰੂ ਵੰਸ਼ ਦੇ ਰਾਜਕੁਮਾਰਾਂ ਨੂੰ ਤੀਰਅੰਦਾਜ਼ੀ ਦੀ ਸਿਖਿਆ ਦੇਂਦੇ ਸਨ, ਏਕਲਵਯ ਨਾਮ ਦਾ ਬਨਵਾਸੀ ਨਿਸ਼ਾਦ (ਸ਼ਿਕਾਰੀ ਕੁਨਬੇ ਦਾ) ਆਇਆ । ਦਰੋਣ ਨੇ ਜੋ ਧਰਮ ਸਮਝਦੇ ਸਨ, ਉਸ ਨੂੰ ਸ਼ਿਸ਼ (ਸ਼ਗਿਰਦ) ਦੇ ਰੂਪ ਵਿਚ ਸਵੀਕਾਰ ਕਰਨ ਤੋਂ ਮਨ੍ਹਾਂ ਕਰ ਦਿਤਾ ।

ਏਕਲਵਯ ਨੇ ਜੰਗਲ ਵਿਚ ਵਾਪਿਸ ਜਾ ਕੇ ਮਿੱਟੀ ਤੋਂ ਦ੍ਰੋਣ ਦੀ ਇਕ ਮੂਰਤੀ ਬਣਾਈ ਅਤੇ ਉਸਨੂੰ ਆਪਣਾ ਗੁਰੂ ਮੰਨ ਕੇ ਉਹ ਆਪਣੇ ਆਪ ਤੀਰ ਚਲਾਉਣ ਦਾ ਅਭਿਆਸ ਕਰਨ ਲਗਾ । ਸਮੇਂ ਦੇ ਨਾਲ ਉਹ ਤੀਰ ਚਲਾਉਣ ਵਿਚ ਮਾਹਿਰ ਹੋ ਗਿਆ । ਇਕ ਦਿਨ ਕੁਰੂ ਰਾਜਕੁਮਾਰ ਆਪਣੇ ਕੁੱਤੇ ਦੇ ਨਾਲ ਜੰਗਲ ਵਿਚ ਸ਼ਿਕਾਰ ਖੇਡਦੇ ਹੋਏ ਏਕਲਵਯ ਦੇ ਨਜ਼ਦੀਕ ਪਹੁੰਚ ਗਏ । ਕੁੱਤਾ ਕਾਲੇ ਹਿਰਨ ਦੀ ਚਮੜੀ ਦੇ ਵਸਤਰ ਵਿਚ ਲਪੇਟੇ ਹੋਏ ਨਿਸ਼ਾਦ ਨੂੰ ਦੇਖ ਕੇ ਭੌਂਕਣ ਲਗ ਪਿਆ । ਗੁੱਸੇ ਵਿਚ ਏਕਲਵਯ ਨੇ ਸੱਤ ਤੀਰ ਇਕਠੇ ਚਲਾ ਕੇ ਉਸ ਕੁੱਤੇ ਦਾ ਮੂੰਹ ਬੰਦ ਕਰ ਦਿੱਤਾ । ਜਦੋਂ ਉਹ ਕੁੱਤਾ ਵਾਪਿਸ ਆਇਆ ਤੇ ਪਾਂਡਵ ਤੀਰੰਦਾਜੀ ਦਾ ਇਹ ਅਜੀਬ ਨਜ਼ਾਰਾ ਦੇਖ ਕੇ ਹੈਰਾਨ-ਪਰੇਸ਼ਾਨ ਹੋ ਗਏ । ਉਨ੍ਹਾਂ ਨੇ ਏਕਲਵਯ ਨੂੰ ਲਭਿਆ, ਉਸਨੇ ਆਪਣੇ ਆਪ ਨੂੰ ਦ੍ਰੋਣ ਦਾ ਚੇਲਾ ਦਸਿਆ ।

ਦ੍ਰੋਣ ਨੇ ਆਪਣੇ ਪਿਆਰੇ ਚੇਲੇ ਅਰਜੁਨ ਨੂੰ ਇਕ ਵਾਰੀ ਕਿਹਾ ਸੀ ਕਿ, ਉਨ੍ਹਾਂ ਦੇ ਸਾਰੇ ਸ਼ਿੱਸ਼ਾਂ ਵਿਚੋਂ ਉਸ ਦਾ ਕੋਈ ਮੁਕਾਬਲਾ ਨਹੀ ਕਰ ਸਕੇਗਾ । ਅਰਜੁਨ ਨੇ ਦ੍ਰੋਣ ਨੂੰ ਉਨ੍ਹਾਂ ਦਾ ਵਾਇਦਾ ਯਾਦ ਕਰਵਾਇਆ । ਦ੍ਰੋਣ ਏਕਲਵਯ ਦੇ ਕੋਲ ਗਏ ਜਿਸਨੇ ਉਨ੍ਹਾਂ ਨੂੰ ਆਪਣਾ ਗੁਰੂ ਮੰਨ ਕੇ ਨਮਸਕਾਰ ਕੀਤਾ । ਉਦੋਂ ਦ੍ਰੋਣ ਨੇ ਗੁਰੂ ਦੱਖਣਾ ਦੇ ਰੂਪ ਵਿਚ ਏਕਲਵਯ ਕੋਲੋਂ ਉਸਦੇ ਸੱਜੇ ਹਥ ਦਾ ਅੰਗੂਠਾ ਮੰਗ ਲਿਆ । ਏਕਲਵਯ ਨੇ ਇਕ ਦਮ ਗੁਰੂ ਨੂੰ ਆਪਣਾ ਅੰਗੂਠਾ ਕਟ ਕੇ ਦੇ ਦਿੱਤਾ । ਹੁਣ ਏਕਲਵਯ ਤੀਰ ਚਲਾਣ ਵਿਚ ਉਤਨਾ ਤੇਜ਼ ਨਹੀਂ ਰਿਹਾ । ਇਸ ਤਰ੍ਹਾਂ ਦ੍ਰੋਣ ਨੇ ਅਰਜੁਨ ਨੂੰ ਦਿੱਤਾ ਵਚਨ ਨਿਭਾਇਆ : ਕੋਈ ਵੀ ਅਰਜੁਨ ਤੋਂ ਬੇਹਤਰ ਤੀਰੰਦਾਜ (ਧਨੁਧਾਰੀ) ਨਹੀਂ ਰਿਹਾ ।

(16.1) ਦ੍ਰੋਣ ਨੇ ਏਕਲਵਯ ਨੂੰ ਆਪਣਾ ਸ਼ਿਸ਼ ਬਨਾਣ ਤੋਂ ਕਿਉਂ ਮਨ੍ਹਾ ਕੀਤਾ ? *2*

(16.2) ਦ੍ਰੋਣ ਨੇ ਅਰਜੁਨ ਨੂੰ ਦਿੱਤੇ ਆਪਣੇ ਪ੍ਰਣ ਨੂੰ ਕਿਵੇਂ ਪੂਰਾ ਕੀਤਾ ? *2*

(16.3) ਕੀ ਤੁਸੀਂ ਦ੍ਰੋਣ ਦੇ ਏਕਲਵਯ ਨਾਲ ਵਰਤਾਵ ਨੂੰ ਉੱਚਤ ਸਮਝਦੇ ਹੋ ? ਜੇ ਅਜੇਹਾ ਹੈ ਤਾਂ ਕਾਰਨ ਲਿਖੋ । *3*

## ਖੰਡ E

## (ਮਾਨਚਿੱਤਰ ਸੰਬੰਧੀ ਪ੍ਰਸ਼ਨ) *5×1=5*

**17.** (17.1) **ਭਾਰਤ** ਦੇ ਦਿੱਤੇ ਹੋਏ ਰਾਜਨੀਤਕ ਰੇਖਾ–ਮਾਨਚਿੱਤਰ (ਪੰਨਾ 11 ਤੇ) ਉਪਰ ਹੇਠ ਲਿਖਿਆਂ ਨੂੰ ਢੁਕਵੇਂ ਚਿਨ੍ਹਾਂ ਨਾਲ ਦਰਸਾਓ ਅਤੇ ਉਨ੍ਹਾਂ ਦੇ ਨਾਮ ਲਿੱਖੋ : *1×2=2*

(ੳ) ਅੰਮ੍ਰਿਤਸਰ — ਰਾਸ਼ਟਰੀ ਅੰਦੋਲਨ ਦਾ ਮਹਤਵਪੂਰਣ ਕੇਂਦਰ

(ਅ) ਆਗਰਾ — ਬਾਬਰ ਦੇ ਅਧੀਨ ਖੇਤਰ

(17.2) **ਭਾਰਤ** ਦੇ ਦਿੱਤੇ ਗਏ ਇਸ ਹੀ ਰਾਜਨੀਤਕ ਰੇਖਾ–ਮਾਨਚਿੱਤਰ ਵਿਚ, ਤਿੰਨ ਪ੍ਰਮੁਖ ਬੋਧ ਸਥਲਾਂ ਨੂੰ A, B ਅਤੇ C ਨਾਲ ਅੰਕਿਤ ਕਿਤਾ ਗਿਆ ਹੈ । ਇਨ੍ਹਾਂ ਸਥਲਾਂ ਨੂੰ ਪਛਾਣੋ ਅਤੇ ਨਜ਼ਦੀਕ ਖਿੱਚੀਆਂ ਗਈਆਂ ਰੇਖਾਵਾਂ ਉਪਰ ਉਨ੍ਹਾਂ ਦੇ ਸਹੀ ਨਾਮ ਲਿੱਖੋ । *1×3=3*

**ਨੋਟ:** *ਹੇਠ ਲਿਖੇ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 17 ਦੇ ਥਾਂ ਤੇ ਬਦਲਵੇ ਪ੍ਰਸ਼ਨ ਹਨ :*

(17.1) ਰਾਸ਼ਟਰੀ ਅੰਦੋਲਨ ਦੇ ਕਿਸੇ ਇਕ ਕੇਂਦਰ ਦਾ ਨਾਮ ਲਿੱਖੋ ।

(17.2) ਬਾਬਰ ਦੇ ਅਧੀਨ ਕਿਸੇ ਇਕ ਖੇਤਰ ਦਾ ਨਾਮ ਲਿੱਖੋ ।

(17.3) ਕਿਸੇ ਤਿੰਨ ਬੋਧ ਸਥਲਾਂ ਦੇ ਨਾਮ ਲਿੱਖੋ । *1+1+3=5*

ਪ੍ਰਸ਼ਨ ਸੰ. 17.1 ਅਤੇ 17.2 ਦੇ ਲਈ

## ਭਾਰਤ ਦਾ ਰੇਖਾ–ਮਾਨਚਿੱਤਰ (ਰਾਜਨੀਤਕ)

## Outline Map of India (Political)

